ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,
ਐਸ.ਸੀ.ਓ. ਨੰ: 49, ਸੈਕਟਰ 17-ਈ, ਚੰਡੀਗੜ੍ਹ ।
(ਜਨਰਲ ਸ਼ਾਖਾ)।

ਸੇਵਾ ਵਿਖੇ

ਰਾਜ ਦੇ ਸਮੂਹ:-
1. ਡਿਪਟੀ ਕਮਿਸ਼ਨਰ ;
2. ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ;
3. ਡਵੀਜ਼ਨਲ ਡਿਪਟੀ ਡਾਇਰੈਕਟਰ, ਪੰਚਾਇਤ ;
4. ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ ;
5. ਉਪ ਮੁੱਖ ਕਾਰਜਕਾਰੀ ਅਫ਼ਸਰ, ਜ਼ਿਲਾ ਪ੍ਰੀਸ਼ਦ ;
6. ਵਿਕਾਸ ਅਫ਼ਸਰ ਇਸਤ੍ਰੀ ਪ੍ਰੋਗਰਾਮ ;

ਨੰਬਰ ਡੀ.ਪੀ.ਜੀ-1/17949-8037.
ਚੰਡੀਗੜ੍ਹ, ਮਿਤੀ 17/7/2001.

ਵਿਸ਼ਾ:- ਇਸਤਰੀ ਪੰਚਾਂ/ਸਰਪੰਚਾਂ ਨੂੰ ਸਨਮਾਨ ਦੇਣ ਬਾਰੇ ।

ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਪਿੰਡਾਂ ਦੇ ਚੁਣੇ ਗਏ ਇਸਤਰੀ ਪੰਚਾਂ/ਸਰਪੰਚਾਂ ਨੂੰ ਬਹੁਤ ਸਾਰੇ ਕੇਸਾਂ/ਪੜਤਾਲਾਂ ਆਦਿ ਦੇ ਸਬੰਧ ਵਿੱਚ ਖੇਤਰੀ ਅਧਿਕਾਰੀਆਂ ਪਾਸ ਜਾਣਾ ਪੈਂਦਾ ਹੈ । ਪਰ ਕਈ ਵਾਰ ਖੇਤਰੀ ਅਧਿਕਾਰੀਆਂ ਦੇ ਰੁਝੇਵਿਆਂ ਕਾਰਣ ਉਨ੍ਹਾਂ ਕੇਸਾਂ ਵਿੱਚ ਉਨ੍ਹਾਂ ਨੂੰ ਅਗਲੀ ਮਿਤੀ ਜਾਂ ਬਿਨਾਂ ਸੁਣਵਾਈ ਤੇ ਅਗਲੀ ਮਿਤੀ ਤੱਕ ਸਥਾਗਿਤ ਕਰ ਦਿੱਤਾ ਜਾਂਦਾ ਹੈ । ਇਹ ਵੀ ਵੇਖਣ ਵਿੱਚ ਆਇਆ ਹੈ ਕਿ ਸੁਣਵਾਈ ਵਾਲੇ ਦਿਨਾਂ ਵਿੱਚ ਵੀ ਉਨ੍ਹਾਂ ਨੂੰ ਅਕਸਰ ਦਫਤਰੀ ਸਮੇਂ ਦੇ ਅਖੀਰ ਤੱਕ ਇੰਤਜ਼ਾਰ ਕਰਨਾ ਪੈਂਦਾ ਹੈ ।

2. ਵਿਭਾਗ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਇਸਤਰੀ ਪੰਚਾਂ/ਸਰਪੰਚਾਂ ਜੋ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ, ਨੂੰ ਸਰਕਾਰੀ ਦਫਤਰਾਂ ਵਿੱਚ ਪੂਰਾ-ਪੂਰਾ ਸਨਮਾਨ ਦਿੱਤਾ ਜਾਵੇ ਅਤੇ ਜਦੋਂ ਵੀ ਕਿਸੇ ਇਸਤਰੀ ਸਰਪੰਚ/ਪੰਚ ਨੂੰ ਕਿਸੇ ਸਰਕਾਰੀ ਕੰਮ-ਕਾਜ/ਪੜਤਾਲਾਂ ਆਦਿ ਦੇ ਸਬੰਧ ਵਿੱਚ ਬੁਲਾਇਆ ਜਾਵੇ ਤਾਂ ਉਨ੍ਹਾਂ ਨੂੰ ਦਫਤਰ ਵਿੱਚ ਬੈਠਣ ਲਈ ਯੋਗ ਪ੍ਰਬੰਧ ਕੀਤਾ ਜਾਵੇ ਅਤੇ ਜਿਸ ਕੰਮ ਕਾਜ ਲਈ ਉਨ੍ਹਾਂ ਨੂੰ ਬੁਲਾਇਆ ਗਿਆ ਹੋਵੇ, ਉਨ੍ਹਾਂ ਦੇ ਕੰਮ ਦਾ ਪਹਿਲ ਦੇ ਆਧਾਰ ਤੇ ਨਿਪਟਾਰਾ ਕਰਕੇ ਉਨ੍ਹਾਂ ਨੂੰ ਫਾਰਗ ਕੀਤਾ ਜਾਵੇ ਤਾਂ ਕਿ ਉਹ ਵਾਪਿਸ ਜਾ ਕੇ ਆਪਣੇ ਘਰੇਲੂ/ਕੰਮਾਂ ਆਦਿ ਨੂੰ ਵੀ ਨਿਪਟਾ ਸਕਣ ।

3. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਡਾਇਰੈਕਟਰ
ਪੇਂਡੂ ਵਿਕਾਸ ਅਤੇ ਪੰਚਾਇਤ, ਪੰਜਾਬ, ਚੰਡੀਗੜ੍ਹ ।

ਹਿੱਤ ਭੇਜਿਆ ਜਾਂਦਾ ਹੈ:-

1. ਰਾਜ ਦੇ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਜ਼ ;
2. ਨਿਗਰਾਨ ਇੰਜੀਨੀਅਰ (ਪਰਸ) ।

ਡਾਇਰੈਕਟਰ
ਪੇਂਡੂ ਵਿਕਾਸ ਅਤੇ ਪੰਚਾਇਤ, ਪੰਜਾਬ, ਚੰਡੀਗੜ੍ਹ ।

ਪਿੱਠ ਅੰਕਣ ਨੰ: ਡੀ.ਪੀ.ਜੀ-1/2001/ 18977-80. ਚੰਡੀਗੜ੍ਹ, ਮਿਤੀ 17/7/2001.

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1.

1. ਸਕੱਤਰ/ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ;
2. ਨਿੱਜੀ ਸਕੱਤਰ/ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤ ;
3. ਨਿੱਜੀ ਸਕੱਤਰ/ਵਿੱਤੀ ਕਮਿਸ਼ਨਰ, ਪੇਂਡੂ ਵਿਕਾਸ ਅਤੇ ਪੰਚਾਇਤ ;
4. ਪੀ.ਏ/ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ।

ਡਾਇਰੈਕਟਰ
ਪੇਂਡੂ ਵਿਕਾਸ ਅਤੇ ਪੰਚਾਇਤ, ਪੰਜਾਬ, ਚੰਡੀਗੜ੍ਹ ।

ਪਿੱਠ ਅੰਕਣ ਨੰ: ਡੀ.ਪੀ.ਜੀ-1/2001/18981-85. ਚੰਡੀਗੜ੍ਹ, ਮਿਤੀ 17/7/2001.

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਿਪਟੀ ਡਾਇਰੈਕਟਰ (ਭੋਂ-ਵਿਕਾਸ) ;
2. ਡਿਪਟੀ ਡਾਇਰੈਕਟਰ (ਈ.ਪੀ.) ;
3. ਡਿਪਟੀ ਡਾਇਰੈਕਟਰ (ਐਲ) ;
4. ਡਿਪਟੀ ਡਾਇਰੈਕਟਰ (ਇਸਤਰੀ ਪ੍ਰੋਗਰਾਮ) ਅਤੇ ਡੀ.ਡੀ. (ਆਰ.ਡੀ.) (ਪੰਚਾਇਤਾਂ [illegible])
5. ਸਮੂਹ ਬ੍ਰਾਂਚ ਇੰਚਾਰਜ ।

ਡਾਇਰੈਕਟਰ
ਪੇਂਡੂ ਵਿਕਾਸ ਅਤੇ ਪੰਚਾਇਤ, ਪੰਜਾਬ, ਚੰਡੀਗੜ੍ਹ ।